WORKSAFEBC | ਜਾਣਕਾਰੀ ਸੂਚਨਾ ਪੱਤਰ

# ਔਕੂਪੇਸ਼ਨਲ ਫ਼ਸਟ ਏਡ ਦੀਆਂ ਨਵੀਆਂ ਸ਼ਰਤਾਂ 1 ਨਵੰਬਰ ਤੋਂ ਲਾਗੂ ਹੋ ਰਹੀਆਂ ਹਨ

**ਰਿਚਮੰਡ, ਬੀ ਸੀ (22 ਅਗਸਤ, 2024)** - ਵਰਕਸੇਫ ਬੀ ਸੀ ਬੀ.ਸੀ. ਦੇ ਕੰਮ-ਮਾਲਕਾਂ ਨੂੰ ਲੋੜੀਂਦੇ ਕਦਮ ਚੁੱਕਣ ਲਈ ਆਖ ਰਿਹਾ ਹੈ ਤਾਂ ਕਿ ਉਹ ਯਕੀਨੀ ਬਣਾਉਣ ਕਿ ਉਹ ਨਵੀਆਂ ਔਕੂਪੇਸ਼ਨਲ ਫ਼ਸਟ ਏਡ (ਕੰਮਾਂ ਉੱਪਰ ਮੁੱਢਲੀ ਸਹਾਇਤਾ) ਸ਼ਰਤਾਂ ਨੂੰ ਪੂਰਾ ਕਰਦੇ ਹੋਣ, ਜਿਹੜੀਆਂ ਇਸ ਸਾਲ ਦੇ ਅੰਤ ਵਿੱਚ ਲਾਗੂ ਹੋਣ ਵਾਲੀਆਂ ਹਨ।

ਕਾਮਿਆਂ ਨੂੰ ਤੁਰੰਤ, ਆਸਾਨੀ ਨਾਲ ਪਹੁੰਚਯੋਗ, ਅਤੇ ਢੁੱਕਵਾਂ ਫ਼ਸਟ ਏਡ ਇਲਾਜ ਮੁਹੱਈਆ ਕਰਵਾਉਣ ਲਈ ਕੰਮ-ਮਾਲਕ ਜ਼ਿੰਮੇਵਾਰ ਹਨ। 1 ਨਵੰਬਰ, 2024 ਤੋਂ, ਔਕੂਪੇਸ਼ਨਲ ਫ਼ਸਟ ਏਡ ਦੇ ਪ੍ਰਬੰਧ ਨਾਲ ਸਬੰਧਿਤ ਔਕੂਪੇਸ਼ਨਲ ਹੈਲਥ ਐਂਡ ਸੇਫ਼ਟੀ ਰੈਗੂਲੇਸ਼ਨ (ਓ ਐੱਚ ਐੱਸ ਆਰ) ਵਿੱਚ ਸੋਧਾਂ ਲਾਗੂ ਹੋਣਗੀਆਂ। ਇਹਨਾਂ ਸੋਧਾਂ ਦੇ ਨਤੀਜੇ ਵਜੋਂ ਬਹੁਤ ਸਾਰੀਆਂ ਕੰਮ ਵਾਲੀਆਂ ਥਾਵਾਂ ਲਈ ਮੁੱਢਲੀ ਸਹਾਇਤਾ ਦੀਆਂ ਸ਼ਰਤਾਂ ਬਦਲ ਜਾਣਗੀਆਂ, ਜਿਸ ਦਾ ਸਭ ਤੋਂ ਵੱਧ ਪ੍ਰਭਾਵ ਜ਼ਿਆਦਾ-ਜੋਖ਼ਮ ਵਾਲੇ ਅਤੇ ਦੂਰ-ਦੁਰਾਡੇ ਦੇ ਉਦਯੋਗਾਂ 'ਤੇ ਪਵੇਗਾ।

## ਸ਼ਰਤਾਂ ਨੂੰ ਮਜ਼ਬੂਤ ਕਰਨਾ

ਲਗਭਗ 20 ਸਾਲਾਂ ਤੋਂ, ਬੀ.ਸੀ. ਵਿੱਚ ਮੁੱਢਲੀ ਸਹਾਇਤਾ ਦੀਆਂ ਸ਼ਰਤਾਂ ਵਿੱਚ ਵੱਡੇ ਪੱਧਰ 'ਤੇ ਕੋਈ ਬਦਲਾਅ ਨਹੀਂ ਕੀਤਾ ਗਿਆ। ਉਸ ਸਮੇਂ ਦੌਰਾਨ, ਕੈਨੇਡੀਅਨ ਸਟੈਂਡਰਡਜ਼ ਐਸੋਸੀਏਸ਼ਨ (ਸੀ ਐੱਸ ਏ) ਦੇ ਨਵੇਂ ਮਾਪਦੰਡਾਂ ਦੇ ਨਾਲ-ਨਾਲ ਫ਼ਸਟ ਏਡ ਟ੍ਰੇਨਿੰਗ ਅਤੇ ਸਾਜ਼ੋ-ਸਾਮਾਨ ਦੋਵਾਂ ਵਿੱਚ ਸੁਧਾਰ ਹੋਏ ਹਨ।

ਸੋਧਾਂ ਦਾ ਉਦੇਸ਼ ਮੌਜੂਦਾ ਸ਼ਰਤਾਂ ਨੂੰ ਮਜ਼ਬੂਤ ਕਰਨਾ ਅਤੇ ਬੀ. ਸੀ. ਵਿੱਚ ਔਕੂਪੇਸ਼ਨਲ ਫ਼ਸਟ ਏਡ ਨੂੰ ਸੀ ਐੱਸ ਏ ਦੇ ਮਿਆਰਾਂ ਨਾਲ ਇਕਸੁਰ ਕਰਨਾ ਹੈ। ਵਰਕਸੇਫ ਬੀ ਸੀ ਨੇ ਦੂਰ-ਦੁਰਾਡੇ ਦੇ ਖੇਤਰਾਂ ਵਿੱਚ ਜ਼ਖ਼ਮੀ ਕਰਮਚਾਰੀਆਂ ਲਈ ਢੁਕਵੀਂ ਐਮਰਜੈਂਸੀ ਆਵਾਜਾਈ ਨਾਲ ਸਬੰਧਿਤ ਚੁਣੌਤੀਆਂ ਦੀ ਪਛਾਣ ਕੀਤੀ ਹੈ ਅਤੇ ਉਹਨਾਂ ਦਾ ਹੱਲ ਵੀ ਕੀਤਾ ਹੈ। ਇਹ ਤਬਦੀਲੀਆਂ ਕਾਮਿਆਂ ਲਈ ਔਕੂਪੇਸ਼ਨਲ ਫ਼ਸਟ ਏਡ ਦੇ ਪ੍ਰਬੰਧ ਨੂੰ ਬਿਹਤਰ ਬਣਾਉਣਗੀਆਂ, ਨਤੀਜੇ ਵਜੋਂ ਜੇਕਰ ਸੱਟ ਜਾਂ ਬਿਮਾਰੀ ਹੁੰਦੀ ਹੈ ਤਾਂ ਬਿਹਤਰ ਸਿੱਟੇ ਹੋਣਗੇ।

## ਔਕੂਪੇਸ਼ਨਲ ਫ਼ਸਟ ਏਡ ਵਿੱਚ ਤਬਦੀਲੀਆਂ

ਹੇਠ ਲਿਖੀਆਂ ਮੁੱਖ ਤਬਦੀਲੀਆਂ ਹੋ ਰਹੀਆਂ ਹਨ:

- **ਫ਼ਸਟ ਏਡ ਸਰਟੀਫਿਕੇਸ਼ਨ ਅਤੇ ਟਰੇਨਿੰਗ ਲੈਵਲ**: ਫ਼ਸਟ ਏਡ ਸਰਟੀਫਿਕੇਸ਼ਨ ਦੇ ਪੱਧਰ ਸੀ ਐੱਸ ਏ ਦੇ ਮਿਆਰਾਂ ਨਾਲ ਇਕਸਾਰ ਕੀਤੇ ਜਾ ਰਹੇ ਹਨ। ਲੈਵਲ 1, 2, ਅਤੇ 3 ਦੇ ਸਰਟੀਫਿਕੇਟ ਅਤੇ ਕਿੱਟਾਂ ਕ੍ਰਮਵਾਰ ਬੇਸਿਕ, ਇੰਟਰਮੀਡੀਏਟ ਅਤੇ ਐਡਵਾਂਸਡ ਬਣ ਜਾਣਗੀਆਂ।
- **ਫ਼ਸਟ ਏਡ ਕਿੱਟਾਂ**: ਸੀ ਐੱਸ ਏ ਦੇ ਮਿਆਰਾਂ ਨੂੰ ਪੂਰਾ ਕਰਨ ਲਈ ਫ਼ਸਟ ਏਡ ਕਿੱਟਾਂ ਦੀ ਜ਼ਰੂਰਤ ਹੋਵੇਗੀ, ਜਿਸ ਵਿੱਚ ਬੀ.ਸੀ. ਲਈ ਵਿਸ਼ੇਸ਼ ਵਾਧੂ ਸ਼ਰਤਾਂ ਹੋਣਗੀਆਂ। ਕਿੱਟਾਂ ਵਿੱਚ ਨਿੱਜੀ ਸੁਰੱਖਿਆ ਉਪਕਰਨ, ਫ਼ਸਟ ਏਡ ਰਿਕਾਰਡ, ਅਤੇ, "ਐਡਵਾਂਸਡ" ਕਿੱਟਾਂ ਲਈ, ਆਕਸੀਜਨ ਥੈਰੇਪੀ ਉਪਕਰਨ ਸ਼ਾਮਲ ਕਰਨ ਦੀ ਸ਼ਰਤ ਹੋਵੇਗੀ।
- **ਕੰਮ-ਮਾਲਕਾਂ ਦੁਆਰਾ ਲੋੜੀਂਦੇ ਫ਼ਸਟ ਏਡ ਮੁਲਾਂਕਣ**: ਕੰਮ-ਮਾਲਕਾਂ ਨੂੰ ਹਰੇਕ ਕੰਮ ਵਾਲੀ ਥਾਂ ਲਈ ਦੋ-ਭਾਗਾਂ ਵਿੱਚ ਫ਼ਸਟ ਏਡ ਮੁਲਾਂਕਣ ਕਰਨ ਅਤੇ ਦਸਤਾਵੇਜ਼ ਬਣਾਉਣ ਦੀ ਲੋੜ ਹੋਵੇਗੀ। ਇਸ ਮੁਲਾਂਕਣ ਦੇ ਨਤੀਜੇ ਵਜੋਂ, ਕੁਝ ਕੰਮ ਵਾਲੀਆਂ ਥਾਵਾਂ ਲਈ ਫ਼ਸਟ ਏਡ ਦੇ ਘੱਟੋ-ਘੱਟ ਲੋੜੀਂਦੇ ਪੱਧਰ ਬਦਲ ਸਕਦੇ ਹਨ ਅਤੇ ਘੱਟ ਪਹੁੰਚਯੋਗ ਵਾਲੇ ਕਾਰਜ ਸਥਾਨਾਂ ਲਈ ਨਵੀਂਆਂ ਲੋੜਾਂ ਹੋ ਸਕਦੀਆਂ ਹਨ।
- **ਐਮਰਜੈਂਸੀ ਆਵਾਜਾਈ**: ਰੈਗੂਲੇਟਰੀ ਤਬਦੀਲੀਆਂ ਕਾਰਗੁਜ਼ਾਰੀ-ਆਧਾਰਿਤ ਸ਼ਰਤਾਂ ਨੂੰ ਸਪੱਸ਼ਟ ਕਰਦੀਆਂ ਹਨ, ਜਿਹੜੀਆਂ ਐਮਰਜੈਂਸੀ ਆਵਾਜਾਈ ਨੂੰ ਪੂਰੀਆਂ ਕਰਨੀਆਂ ਚਾਹੀਦੀਆਂ ਹਨ, ਜਿਸ ਨਾਲ ਹਵਾਈ ਆਵਾਜਾਈ ਵਰਗੇ ਵੱਖਰੇ ਤਰੀਕਿਆਂ ਦੀ ਚੋਣ ਕਰਨ ਵਿੱਚ ਵਧੇਰੇ ਲਚਕਤਾ ਹੋਵੇਗੀ। ਵਧੇਰੇ ਕਾਰਜ ਸਥਾਨਾਂ ਲਈ ਫ਼ਸਟ ਏਡ ਅਟੈਂਡੈਂਟਾਂ ਨੂੰ ਜ਼ਖ਼ਮੀ ਜਾਂ ਬਿਮਾਰ ਕਰਮਚਾਰੀਆਂ ਨੂੰ ਮੈਡੀਕਲ ਸਹਾਇਤਾ ਲਈ ਤਿਆਰ ਕਰਨ ਅਤੇ ਲਿਜਾਣ ਲਈ ਲੋੜੀਂਦੇ ਹੁਨਰ ਅਤੇ ਗਿਆਨ ਨਾਲ ਸਿਖਲਾਈ ਦੇਣ ਦੀ ਲੋੜ ਹੋਵੇਗੀ।
- **ਫ਼ਸਟ ਏਡ ਡਰਿੱਲਾਂ**: ਨਵੇਂ ਨਿਯਮਾਂ ਅਨੁਸਾਰ ਕੰਮ-ਮਾਲਕਾਂ ਨੂੰ ਹਰ ਸਾਲ ਅਤੇ ਜਦੋਂ ਕਾਰਵਾਈਆਂ ਵਿੱਚ ਮਹੱਤਵਪੂਰਨ ਅੱਪਡੇਟ ਹੋਣ, ਡਰਿੱਲਾਂ ਕਰਨ ਦੀ ਲੋੜ ਹੋਵੇਗੀ।

ਔਕੂਪੇਸ਼ਨਲ ਫ਼ਸਟ ਏਡ ਦੀਆਂ ਲੋੜਾਂ ਅਤੇ ਤਬਦੀਲੀਆਂ ਬਾਰੇ ਹੋਰ ਜਾਣਕਾਰੀ worksafebc.com 'ਤੇ ਉਪਲਬਧ ਹੈ।

## ਕੰਮ-ਮਾਲਕਾਂ ਨੂੰ ਕੀ ਕਰਨ ਦੀ ਲੋੜ ਹੈ

ਕੰਮ ਵਾਲੀ ਥਾਂ 'ਤੇ ਉਚਿਤ ਫ਼ਸਟ ਏਡ ਸੇਵਾਵਾਂ ਪ੍ਰਦਾਨ ਕਰਨ ਦੀ ਲੋੜ ਓ ਐੱਚ ਐੱਸ ਆਰ ਦੇ ਅਧੀਨ ਸਾਰੇ ਕੰਮ-ਮਾਲਕਾਂ ਦੀ ਬੁਨਿਆਦੀ ਜ਼ਿੰਮੇਵਾਰੀ ਹੈ। ਓ ਐੱਚ ਐੱਸ ਆਰ ਦੀਆਂ ਤਬਦੀਲੀਆਂ ਬਾਰੇ ਜਾਣਕਾਰੀ worksafebc.com 'ਤੇ ਉਪਲਬਧ ਹੈ। ਨਵੀਂਆਂ ਸ਼ਰਤਾਂ ਦੀ ਵਿਆਖਿਆ ਅਤੇ ਪਾਲਣਾ ਦਾ ਸਮਰਥਨ ਕਰਨ ਲਈ, ਡਰਾਫ਼ਟ ਓ ਐੱਚ ਐੱਸ ਗਾਈਡਲਾਈਨਜ਼ ਵੀ ਪੋਸਟ ਕੀਤੀਆਂ ਗਈਆਂ ਹਨ।

ਕੰਮ-ਮਾਲਕਾਂ ਨੂੰ ਇਹ ਯਕੀਨੀ ਬਣਾਉਣ ਲਈ ਇਹਨਾਂ ਤਬਦੀਲੀਆਂ ਦੀ ਸਮੀਖਿਆ ਕਰਨੀ ਚਾਹੀਦੀ ਹੈ ਕਿ ਉਹਨਾਂ ਦੇ ਔਕੂਪੇਸ਼ਨਲ ਫ਼ਸਟ ਏਡ ਪ੍ਰੋਗਰਾਮ ਉਚਿਤ ਅਤੇ ਅਨੁਕੂਲ ਹਨ। ਇਹਨਾਂ ਤਬਦੀਲੀਆਂ ਨਾਲ ਕੰਮ-ਮਾਲਕਾਂ ਨੂੰ 1 ਨਵੰਬਰ, 2024 ਤੱਕ ਆਪਣੇ ਔਕੂਪੇਸ਼ਨਲ ਫ਼ਸਟ ਏਡ ਅਟੈਂਡੈਂਟਾਂ ਨੂੰ ਫ਼ਸਟ ਏਡ ਟ੍ਰੇਨਿੰਗ ਦਿਵਾਉਣ ਅਤੇ ਨਵੇਂ ਜਾਂ ਵੱਖਰੇ ਉਪਕਰਨਾਂ ਦੀ ਲੋੜ ਹੋ ਸਕਦੀ ਹੈ।

ਕੰਮ-ਮਾਲਕ, ਜਿਨ੍ਹਾਂ ਦੇ ਨਵੀਆਂ ਲੋੜਾਂ ਬਾਰੇ ਸਵਾਲ ਹੋਣ **ਵਰਕਸੇਫ ਬੀ ਸੀ** ਦੀ ਰੋਕਥਾਮ ਸੂਚਨਾ (ਪਰਵਿਨਸ਼ਨ ਇਨਫ਼ਰਮੇਸ਼ਨ) ਲਾਈਨ `ਤੇ 1-888-621-7233 ਕਾਲ ਕਰ ਸਕਦੇ ਹਨ।

**ਸਰੋਤ:**

- ਬੈਕਗਰਾਂਉਂਡਰ: ਔਕੂਪੇਸ਼ਨਲ ਫ਼ਸਟ ਏਡ ਰੇਗੂਲੇਟਰੀ ਤਬਦੀਲੀਆਂ
- ਔਕੂਪੇਸ਼ਨਲ ਫ਼ਸਟ ਏਡ ਸ਼ਰਤਾਂ ਵਿੱਚ ਤਬਦੀਲੀਆਂ: ਆਮ ਪੁੱਛੇ ਜਾਂਦੇ ਸਵਾਲ
- ਭਾਗ 3 ਲਈ ਓ ਐੱਚ ਐੱਸ ਸੋਧਾਂ-ਔਕੂਪੇਸ਼ਨਲ ਫ਼ਸਟ ਏਡ (ਸ਼ੁਰੂਆਤੀ ਡਰਾਫ਼ਟ)
- ਫ਼ਸਟ ਏਡ ਸ਼ਰਤਾਂ-ਵਰਕਸੇਫ ਬੀ ਸੀ
- ਈਮੇਲ ਅਪਡੇਟ ਪ੍ਰਾਪਤ ਕਰਨ ਲਈ ਹਾਮੀ ਭਰੋ

-30-

**ਵਰਕਸੇਫ ਬੀ ਸੀ ਬਾਰੇ**

*ਵਰਕਸੇਫ ਬੀ ਸੀ, ਬੀ.ਸੀ. ਵਿਚ ਸੱਟਾਂ, ਬੀਮਾਰੀਆਂ ਅਤੇ ਡਿਸਏਬਿਲਟੀ ਤੋਂ ਰੋਕਥਾਮ ਕਰਨ ਲਈ ਵਰਕਰਾਂ ਅਤੇ ਕੰਮ-ਮਾਲਕਾਂ ਨਾਲ ਕੰਮ ਕਰਦੀ ਹੈ। ਕੰਮ ਨਾਲ ਸੰਬੰਧਿਤ ਸੱਟਾਂ ਲੱਗਣ ਜਾਂ ਬੀਮਾਰੀਆਂ ਹੋਣ 'ਤੇ, ਵਰਕਸੇਫ ਬੀ ਸੀ ਲੋਕਾਂ ਦੀ ਸਿਹਤਯਾਬੀ, ਰਾਜ਼ੀ ਹੋਣ, ਅਤੇ ਕੰਮ 'ਤੇ ਸੁਰੱਖਿਅਤ ਵਾਪਸੀ ਵਿਚ ਮਦਦ ਕਰਨ ਲਈ ਮੁਆਵਜ਼ਾ ਅਤੇ ਮਦਦ ਦਿੰਦੀ ਹੈ। ਬੀ.ਸੀ. ਭਰ ਵਿਚ ਅਸੀਂ ਤਕਰੀਬਨ 2.6 ਮਿਲੀਅਨ ਵਰਕਰਾਂ ਅਤੇ 270,000 ਕੰਮ-ਮਾਲਕਾਂ ਨੂੰ ਸੇਵਾਵਾਂ ਦਿੰਦੇ ਹਾਂ।*

**ਹੋਰ ਜਾਣਕਾਰੀ ਲਈ ਸੰਪਰਕ:**

ਮੀਡੀਆ ਰੀਲੇਸ਼ਨਜ਼, ਵਰਕਸੇਫ ਬੀ ਸੀ
ਈਮੇਲ: media@worksafebc.com
ਟੈਲੀਫ਼ੋਨ: 604-276-5157